Unique Hospital ID Label

# ਨਾੜੂਏ ਦਾ ਖੂਨ ਲਈ
# ਟੈਸਟਿੰਗ, ਸਟੋਰੇਜ, ਅਤੇ ਪ੍ਰਤੀਰੋਪਣ ਵਾਸਤੇ ਸਹਿਮਤੀ

ਕੈਨੇਡੀਅਨ ਬਲੱਡ ਸਰਵਿਸਜ਼ ਦੀ 'ਕੋਰਡ ਬਲੱਡ ਬੈਂਕ' (the "Cord Blood Bank") ਨਾੜੂਏ ਦੇ ਖੂਨ ਵਿੱਚੋਂ ਸਟੈਮ ਸੈੱਲਾਂ ਨੂੰ ਇਕੱਤਰ ਕਰਦੀ, ਟੈਸਟ ਕਰਦੀ, ਸਟੋਰ ਕਰਦੀ ਅਤੇ ਵੰਡਦੀ ਹੈ ਤਾਂ ਜੋ ਇਹਨਾਂ ਨੂੰ ਕੈਨੇਡਾ ਜਾਂ ਵਿਸ਼ਵ ਵਿੱਚ ਕਿਤੋਂ ਦੇ ਵੀ ਸਟੈਮ ਸੈੱਲ ਪ੍ਰਤੀਰੋਪਣ ਲੋੜਦੇ ਮਰੀਜ਼ ਨੂੰ ਉਪਲਬਧ ਕਰਵਾਇਆ ਜਾ ਸਕੇ। ਇਹ ਫਾਰਮ ਤੁਹਾਨੂੰ ਦੱਸਦਾ ਹੈ ਕਿ ਇੱਕ ਸਵੈਸੇਵੀ ਭਾਗੀਦਾਰ ਵਜੋਂ ਤੁਹਾਨੂੰ ਕੀ ਕਰਨ ਲਈ ਕਿਹਾ ਜਾਵੇਗਾ ਅਤੇ ਤੁਹਾਡੀ ਭਾਗੀਦਾਰੀ ਦੇ ਸੰਭਾਵੀ ਜੋਖਮਾਂ ਅਤੇ ਲਾਭਾਂ ਦਾ ਵਰਣਨ ਕਰਦਾ ਹੈ। ਪ੍ਰੋਗਰਾਮ ਵਿੱਚ ਭਾਗ ਨਾ ਲੈਣ ਦੀ ਚੋਣ ਕਰਨ ਦਾ ਤੁਹਾਡੇ 'ਤੇ ਜਾਂ ਤੁਹਾਡੇ ਪਰਿਵਾਰ ਦੀ ਡਾਕਟਰੀ ਸੰਭਾਲ 'ਤੇ ਕੋਈ ਅਸਰ ਨਹੀਂ ਪਵੇਗਾ। ਭਾਗੀਦਾਰੀ ਕਰਨ ਲਈ ਫੈਸਲਾ ਕਰਨ ਤੋਂ ਪਹਿਲਾਂ ਅਤੇ ਪ੍ਰੋਗਰਾਮ ਵਿੱਚ ਤੁਹਾਡੀ ਭਾਗੀਦਾਰੀ ਦੌਰਾਨ ਕਿਸੇ ਵੀ ਸਮੇਂ ਤੁਸੀਂ ਸਵਾਲ ਪੁੱਛ ਸਕਦੇ ਹੋ।

ਅਸੀਂ ਨਿਰਣਾ ਕੀਤਾ ਹੈ ਕਿ ਨਾੜੂਏ ਦਾ ਖੂਨ ਕੋਰਡ ਬਲੱਡ ਬੈਂਕ ਵਾਸਤੇ ਯੋਗਤਾ ਪੂਰੀ ਕਰਦਾ ਹੈ ਅਤੇ ਇਸਨੂੰ ਕੋਰਡ ਬਲੱਡ ਬੈਂਕ ਦੀ ਨਿਰਮਾਣ ਸੁਵਿਧਾ (manufacturing facility) ਵਿਖੇ ਭੇਜਿਆ ਗਿਆ ਹੈ। ਤੁਹਾਡੀ ਸਹਿਮਤੀ ਦੇ ਨਾਲ, ਅਸੀਂ ਹੁਣ ਨਾੜੂਏ ਦੇ ਖੂਨ ਨੂੰ ਟੈਸਟ ਕਰਾਂਗੇ ਅਤੇ ਅਸੀਂ ਤੁਹਾਡੇ ਖੂਨ ਦਾ ਵੀ ਇੱਕ ਨਮੂਨਾ ਲਵਾਂਗੇ ਅਤੇ ਟੈਸਟ ਕਰਾਂਗੇ (ਨੋਟ ਕਰੋ ਕਿ ਹੋ ਸਕਦਾ ਹੈ ਪ੍ਰਸੂਤੀ ਪੀੜਾਂ ਦੌਰਾਨ ਅਸੀਂ ਪਹਿਲਾਂ ਹੀ ਤੁਹਾਡੇ ਖੂਨ ਦੇ ਨਮੂਨੇ ਵਾਸਤੇ ਪੁੱਛਿਆ ਹੋਵੇ ਅਤੇ ਇਸਨੂੰ ਇਕੱਤਰ ਕਰ ਲਿਆ ਹੋਵੇ)। ਜੇ ਟੈਸਟ ਦੇ ਨਤੀਜੇ ਪ੍ਰਤੀਰੋਪਣ ਵਾਸਤੇ ਸਵੀਕਾਰ ਕਰਨਯੋਗ ਹਨ, ਤਾਂ ਨਾੜੂਏ ਦੇ ਖੂਨ ਉੱਤੇ ਪ੍ਰਕਿਰਿਆ ਕੀਤੀ ਜਾਵੇਗੀ, ਇਸਨੂੰ ਫਰੀਜ਼ ਕੀਤਾ ਜਾਵੇਗਾ ਅਤੇ ਭਵਿੱਖ ਦੀ ਵਰਤੋਂ ਵਾਸਤੇ ਲੰਬੀ-ਮਿਆਦ ਦੀ ਸਟੋਰੇਜ ਵਿੱਚ ਰਖਿਆ ਜਾਵੇਗਾ। ਨਾੜੂਏ ਦੇ ਖੂਨ ਦੇ ਸਟੈਮ ਸੈੱਲ ਕੈਨੇਡਾ ਜਾਂ ਵਿਸ਼ਵ ਭਰ ਵਿੱਚ ਕਿਤੇ ਵੀ ਸਟੈਮ ਸੈੱਲ ਪ੍ਰਤੀਰੋਪਣ ਲੋੜਦੇ ਕਿਸੇ ਵੀ ਮਰੀਜ਼ ਵਾਸਤੇ ਕੈਨੇਡੀਅਨ ਬਲੱਡ ਸਰਵਿਸਜ਼ ਦੀ ਸਟੈਮ ਸੈੱਲ ਰਜਿਸਟਰੀ ਰਾਹੀਂ ਉਪਲਬਧ ਹੋਣਗੇ।

ਜੇ ਤੁਸੀਂ ਇਸ ਫਾਰਮ ਵਾਸਤੇ ਸਹਿਮਤੀ ਦਿੰਦੇ ਹੋ, ਤਾਂ ਨਿਮਨਲਿਖਤ ਚੀਜ਼ਾਂ ਵਾਪਰਨਗੀਆਂ:

1. ਕੋਰਡ ਬਲੱਡ ਬੈਂਕ ਦਾ ਸਟਾਫ ਤੁਹਾਡੇ ਹਸਪਤਾਲ ਛੱਡਣ ਤੋਂ ਪਹਿਲਾਂ ਅਤੇ/ਜਾਂ ਬਾਅਦ ਤੁਹਾਡੇ ਵਰਤਮਾਨ ਹਸਪਤਾਲ ਡਾਕਟਰੀ ਰਿਕਾਰਡ ਅਤੇ ਤੁਹਾਡੇ ਬੱਚੇ ਦੇ ਵਰਤਮਾਨ ਹਸਪਤਾਲ ਡਾਕਟਰੀ ਰਿਕਾਰਡ ਦੀ ਸਮੀਖਿਆ ਕਰੇਗਾ। ਇਹ ਸਾਨੂੰ ਗਰਭਅਵਸਥਾ ਦੀਆਂ ਸੰਭਾਵੀ ਉਲਝਣਾਂ ਅਤੇ ਤੁਹਾਡੇ ਬੱਚੇ ਦੀ ਸਿਹਤ ਦੇ ਉਹਨਾਂ ਵੇਰਵਿਆਂ ਬਾਰੇ ਜਾਣਨ ਵਿੱਚ ਮਦਦ ਕਰਦਾ ਹੈ ਜੋ ਨਾੜੂਏ ਦੇ ਖੂਨ ਵਿਚਲੇ ਸਟੈਮ ਸੈੱਲਾਂ ਨੂੰ ਪ੍ਰਭਾਵਿਤ ਕਰ ਸਕਦੇ ਹਨ।

2. ਕੋਰਡ ਬਲੱਡ ਬੈਂਕ ਦਾ ਸਟਾਫ ਤੁਹਾਨੂੰ ਤੁਹਾਡੀ ਗਰਭਅਵਸਥਾ, ਡਾਕਟਰੀ ਅਤੇ ਸਮਾਜਕ ਇਤਿਹਾਸ ਬਾਰੇ ਸਵਾਲ ਪੁੱਛੇਗਾ।
   - ਕੁਝ ਸਵਾਲਾਂ ਦੇ ਜਵਾਬ ਸਾਨੂੰ ਇਹ ਪਤਾ ਲਾਉਣ ਵਿੱਚ ਮਦਦ ਕਰਦੇ ਹਨ ਕਿ ਕਿਹੜੇ ਮਰੀਜ਼ਾਂ ਨੂੰ ਨਾੜੂਏ ਦੇ ਖੂਨ ਵਿਚਲੇ ਸਟੈਮ ਸੈੱਲਾਂ ਦੇ ਪ੍ਰਤੀਰੋਪਣ ਤੋਂ ਲਾਭ ਹੋਣ ਦੀ ਸੰਭਾਵਨਾ ਸਭ ਤੋਂ ਵਧੇਰੇ ਹੈ ਕਿਉਂਕਿ ਉਹਨਾਂ ਦਾ ਨਸਲੀ ਪਿਛੋਕੜ ਤੁਹਾਡੇ ਖੁਦ ਦੇ ਪਿਛੋਕੜ ਵਰਗਾ ਹੈ।
   - ਕੁਝ ਸਵਾਲ ਤੁਹਾਨੂੰ ਵਿਰਾਸਤ ਵਿੱਚ ਮਿਲੀਆਂ ਹੋ ਸਕਦੀਆਂ ਬਿਮਾਰੀਆਂ ਨਾਲ ਸਬੰਧਿਤ ਹੁੰਦੇ ਹਨ ਜੋ ਨਾੜੂਏ ਦੇ ਖੂਨ ਵਿਚਲੇ ਸਟੈਮ ਸੈੱਲਾਂ ਨੂੰ ਪ੍ਰਭਾਵਿਤ ਕਰ ਸਕਦੀਆਂ ਹਨ। ਕੁਝ ਸਵਾਲ ਕਿਸੇ ਛੂਤਕਾਰੀ ਬਿਮਾਰੀਆਂ ਦੇ ਨਾਲ ਸੰਪਰਕ ਹੋਣ ਦਾ ਪਤਾ ਲਾਉਣ ਵਿੱਚ ਮਦਦ ਕਰਨ ਲਈ ਪੁੱਛੇ ਜਾਂਦੇ ਹਨ ਜੋ ਖੂਨ ਵਿੱਚ ਮੌਜੂਦ ਹੋ ਸਕਦੀਆਂ ਹਨ। ਸਾਰੇ ਸਵਾਲਾਂ ਦਾ ਈਮਾਨਦਾਰੀ ਨਾਲ ਜਵਾਬ ਦੇਣਾ ਮਹੱਤਵਪੂਰਨ ਹੈ। ਕੋਈ ਝੂਠਾ ਬਿਆਨ ਦੇਣਾ ਗੰਭੀਰ ਮਾਮਲਾ ਹੈ ਅਤੇ ਇਹ ਹੋਰਨਾਂ ਨੂੰ ਨੁਕਸਾਨ ਪਹੁੰਚਾ ਸਕਦਾ ਹੈ।
   - ਇਹ ਸਵਾਲ ਗੁਪਤ ਤੌਰ 'ਤੇ ਪੁੱਛੇ ਜਾਣਗੇ।

3. ਟੈਸਟ ਕੀਤੇ ਜਾਣ ਵਾਸਤੇ ਤੁਹਾਡੇ ਕੋਲੋਂ ਇੱਕ ਖੂਨ ਦਾ ਨਮੂਨਾ ਲੋੜਿਆ ਜਾਵੇਗਾ। ਸਟਾਫ ਤੁਹਾਡੇ ਕੋਲੋਂ ਖੂਨ ਦੀਆਂ ਛੇ ਛੋਟੀਆਂ ਟਿਊਬਾਂ (ਲਗਭਗ ਤਿੰਨ ਵੱਡੇ ਚਮਚ) ਲਵੇਗਾ। ਜੇ ਤੁਹਾਨੂੰ ਪ੍ਰਸੂਤੀ ਪੀੜਾਂ ਦੌਰਾਨ ਨਸ ਰਾਹੀਂ (IV – Intravenous) ਤਰਲ-ਪਦਾਰਥ ਦਿੱਤੇ ਗਏ ਸਨ, ਤਾਂ ਹੋ ਸਕਦਾ ਹੈ ਅਸੀਂ ਉਸ ਸਮੇਂ ਖੂਨ ਦਾ ਇੱਕ ਨਮੂਨਾ ਪ੍ਰਦਾਨ ਕਰਾਉਣ ਲਈ ਕਿਹਾ ਹੋਵੇ।

4. ਤੁਹਾਡੇ ਖੂਨ ਦੇ ਨਮੂਨੇ ਨੂੰ ਕੁਝ ਵਿਸ਼ੇਸ਼ ਛੂਤਕਾਰੀ ਬਿਮਾਰੀਆਂ ਵਾਸਤੇ ਟੈਸਟ ਕੀਤਾ ਜਾਵੇਗਾ, ਜਿੰਨ੍ਹਾਂ ਵਿੱਚ ਹੈਪਾਟਾਈਟਸ ਬੀ ਵਾਇਰਸ, ਹੈਪਾਟਾਈਟਸ ਸੀ ਵਾਇਰਸ, ਆਤਸ਼ਿਕ (syphilis), ਹਿਊਮਨ ਈਮਿਊਨੋਡੈਫੀਸ਼ੈਂਸੀ ਵਾਇਰਸ (HIV), ਹਿਊਮਨ ਟੀ-ਸੈੱਲ ਲਿੰਫੋਟ੍ਰੋਪਿਕ ਵਾਇਰਸ (HTLV), ਸਾਈਟੋਮੈਗਾਲੋਵਾਇਰਸ (CMV), ਵੈਸਟ ਨੀਲ ਵਾਇਰਸ, ਅਤੇ ਜੇ ਲਾਗੂ ਹੁੰਦਾ ਹੋਵੇ, ਤਾਂ ਚਾਗਾਸ ਦੀ ਬਿਮਾਰੀ ਅਤੇ ਹੋਰ ਕਾਰਕ ਸ਼ਾਮਲ ਹਨ ਤਾਂ ਜੋ ਇਹ ਯਕੀਨੀ ਬਣਾਇਆ ਜਾ ਸਕੇ ਕਿ ਤੁਹਾਡੇ ਵੱਲੋਂ ਕੀਤਾ ਦਾਨ ਵੱਧ ਤੋਂ ਵੱਧ ਸੁਰੱਖਿਅਤ ਹੋਵੇ। ਕੈਨੇਡੀਅਨ ਬਲੱਡ ਸਰਵਿਸਜ਼ ਦੀ ਨੀਤੀ ਅਨੁਸਾਰ, ਇਹਨਾਂ ਬਿਮਾਰੀਆਂ ਵਾਸਤੇ ਟੈਸਟ ਦੇ ਪਾਜ਼ੇਟਿਵ ਨਤੀਜਿਆਂ ਦੀ ਰਿਪੋਰਟ ਅਸੀਂ ਤੁਹਾਨੂੰ ਅਤੇ ਤੁਹਾਡੇ ਸਿਹਤ ਸੰਭਾਲ ਪ੍ਰਦਾਨਕ ਨੂੰ ਕਰਾਂਗੇ।

5. ਕੋਰਡ ਬਲੱਡ ਬੈਂਕ ਨਾੜੂਏ ਦੇ ਖੂਨ ਅਤੇ ਤੁਹਾਡੇ ਖੂਨ ਦੇ ਨਮੂਨੇ ਨੂੰ ਬਲੱਡ ਗਰੁੱਪਾਂ (ABO ਅਤੇ Rh) ਵਾਸਤੇ ਟੈਸਟ ਕਰੇਗੀ ਅਤੇ ਅਨੁਰੂਪਤਾ ਟੈਸਟਿੰਗ ਦਾ ਸੰਚਾਲਨ ਕਰੇਗੀ ਤਾਂ ਜੋ ਇਹ ਨਿਰਣਾ ਕੀਤਾ ਜਾ ਸਕੇ ਕਿ ਕੀ ਸਟੈਮ ਸੈੱਲਾਂ ਦਾ ਕਿਸੇ ਖਾਸ ਮਰੀਜ਼ ਵਿੱਚ ਸੁਰੱਖਿਅਤ ਤਰੀਕੇ ਨਾਲ ਪ੍ਰਤੀਰੋਪਣ ਕੀਤਾ ਜਾ ਸਕਦਾ ਹੈ। ਵਿਰਾਸਤ ਵਿੱਚ ਮਿਲੀਆਂ ਗੈਰ-ਸਾਧਾਰਨ ਹੀਮੋਗਲੋਬਿਨ ਅਵਸਥਾਵਾਂ ਨੂੰ ਨਕਾਰਨ ਵਾਸਤੇ ਵੀ ਨਾੜੂਏ ਦੇ ਖੂਨ ਨੂੰ ਟੈਸਟ ਕੀਤਾ ਜਾਵੇਗਾ।
   - ਜੇ ਕੋਈ ਟੈਸਟ ਤੁਹਾਨੂੰ ਜਾਂ ਤੁਹਾਡੇ ਬੱਚੇ ਦੀ ਸਿਹਤ ਨੂੰ ਕੋਈ ਜ਼ਿਕਰਯੋਗ ਖਤਰਾ ਦਿਖਾਉਂਦੇ ਹਨ, ਤਾਂ ਕੈਨੇਡੀਅਨ ਬਲੱਡ ਸਰਵਿਸਜ਼ ਦੀ ਨੀਤੀ ਅਨੁਸਾਰ ਅਸੀਂ ਤੁਹਾਡੇ ਸਿਹਤ ਸੰਭਾਲ ਪ੍ਰਦਾਨਕ ਨੂੰ ਸੂਚਿਤ ਕਰਾਂਗੇ। ਤੁਹਾਡਾ ਸਿਹਤ ਸੰਭਾਲ ਪ੍ਰਦਾਨਕ ਇਹਨਾਂ ਨਤੀਜਿਆਂ ਦੇ ਮਤਲਬ ਬਾਰੇ ਤੁਹਾਡੇ ਨਾਲ ਵਿਚਾਰ-

## ਨਾੜੂਏ ਦਾ ਖੂਨ ਲਈ
## ਟੈਸਟਿੰਗ, ਸਟੋਰੇਜ, ਅਤੇ ਪ੍ਰਤੀਰੋਪਣ ਵਾਸਤੇ ਸਹਿਮਤੀ

ਵਟਾਂਦਰਾ ਕਰ ਸਕਦਾ ਹੈ। **ਜੇ ਤੁਸੀਂ ਇਹਨਾਂ ਟੈਸਟਾਂ ਦੇ ਨਤੀਜਿਆਂ ਬਾਰੇ ਜਾਣਨਾ ਨਹੀਂ ਚਾਹੁੰਦੇ, ਤਾਂ ਤੁਸੀਂ ਕੋਰਡ ਬਲੱਡ ਬੈਂਕ ਪ੍ਰੋਗਰਾਮ ਵਿੱਚ ਭਾਗ ਲੈਣ ਦੇ ਯੋਗ ਨਹੀਂ ਹੋਵੋਂਗੇ।**

ਜੇ ਪ੍ਰਤੀਰੋਪਣ ਦੇ ਬਾਅਦ ਕਿਸੇ ਮਰੀਜ਼ ਵਿੱਚ ਕਦੇ ਵੀ ਕਿਸੇ ਅਜਿਹੀ ਦੀ ਬਿਮਾਰੀ ਦੀ ਪਛਾਣ ਕੀਤੀ ਜਾਂਦੀ ਹੈ ਜੋ ਨਾੜੂਏ ਦੇ ਖੂਨ ਤੋਂ ਆਈ ਹੋ ਸਕਦੀ ਹੈ, ਤਾਂ ਅਸੀਂ ਤੁਹਾਡੇ ਸਿਹਤ ਸੰਭਾਲ ਪ੍ਰਦਾਨਕ ਰਾਹੀਂ ਤੁਹਾਨੂੰ ਸੂਚਿਤ ਕਰਨ ਦੀ ਹਰ ਸੰਭਵ ਕੋਸ਼ਿਸ਼ ਕਰਾਂਗੇ।

6. ਜੇ ਨਾੜੂਏ ਦੇ ਖੂਨ ਵਿਚਲੇ ਸਟੈਮ ਸੈੱਲਾਂ ਨੂੰ ਪ੍ਰਤੀਰੋਪਣ ਵਾਸਤੇ ਢੁਕਵਾਂ ਪਾਇਆ ਜਾਂਦਾ ਹੈ, ਤਾਂ ਕੋਰਡ ਬਲੱਡ ਬੈਂਕ ਨਾੜੂਏ ਦੇ ਖੂਨ ਅਤੇ ਤੁਹਾਡੇ ਖੂਨ ਦੇ ਨਮੂਨਿਆਂ ਨੂੰ ਉਹਨਾਂ ਛੂਤਕਾਰੀ ਬਿਮਾਰੀਆਂ ਅਤੇ ਆਣੁਵਾਂਸ਼ਿਕ ਵਿਕਾਰਾਂ ਵਾਸਤੇ ਭਵਿੱਖ ਵਿੱਚ ਟੈਸਟ ਕਰਨ ਲਈ ਸਾਂਭ ਕੇ ਰੱਖ ਸਕਦੀ ਹੈ ਜੋ ਕਿਸੇ ਅਜਿਹੇ ਮਰੀਜ਼ ਨੂੰ ਦਿੱਤੇ ਜਾ ਸਕਦੇ ਹਨ ਜੋ ਨਾੜੂਏ ਦੇ ਖੂਨ ਵਿਚਲੇ ਸਟੈਮ ਸੈੱਲਾਂ ਦਾ ਪ੍ਰਤੀਰੋਪਣ ਪ੍ਰਾਪਤ ਕਰਦਾ ਹੈ।
   - ਭਵਿੱਖ ਵਿੱਚ ਟੈਸਟ ਕਰਨ ਦਾ ਮਤਲਬ ਇਹ ਹੈ ਕਿ ਛੂਤਕਾਰੀ ਬਿਮਾਰੀਆਂ ਦੇ ਲਈ ਮੁਕਾਬਲਤਨ ਨਵੇਂ ਟੈਸਟ ਉਪਲਬਧ ਹੋ ਗਏ ਹਨ ਜਾਂ ਹੋਰ ਛੂਤਕਾਰੀ ਜਾਂ ਆਣੁਵਾਂਸ਼ਿਕ ਵਿਕਾਰਾਂ ਦੀ ਪਛਾਣ ਕੀਤੀ ਗਈ ਹੈ ਜਿੰਨ੍ਹਾਂ ਵਾਸਤੇ ਟੈਸਟ ਕਰਨ ਦੀ ਲੋੜ ਹੈ।
   - ਜੇ ਨਾੜੂਏ ਦੇ ਖੂਨ ਵਿਚਲੇ ਸਟੈਮ ਸੈੱਲਾਂ ਨੂੰ ਪ੍ਰਤੀਰੋਪਣ ਲਈ ਚੁਣਿਆ ਜਾਂਦਾ ਹੈ, ਤਾਂ ਪ੍ਰਤੀਰੋਪਣ ਕਰਨ ਵਾਲੇ ਡਾਕਟਰ ਵਧੀਕ ਟੈਸਟ ਕਰ ਸਕਦੇ ਹਨ।

7. ਜੇ ਨਾੜੂਏ ਦੇ ਖੂਨ ਵਿਚਲੇ ਸਟੈਮ ਸੈੱਲ ਪ੍ਰਤੀਰੋਪਣ ਵਾਸਤੇ ਢੁਕਵੇਂ ਹਨ, ਤਾਂ ਕੋਰਡ ਬਲੱਡ ਬੈਂਕ ਦਾ ਸਟਾਫ ਤੁਹਾਡੇ ਬੱਚੇ ਦੇ ਜਨਮ ਦੇ ਬਾਅਦ ਤੁਹਾਡੇ ਨਾਲ ਸੰਪਰਕ ਕਰਨ ਦੀ ਕੋਸ਼ਿਸ਼ ਕਰੇਗਾ ਤਾਂ ਜੋ ਤੁਹਾਡੀ ਸਿਹਤ ਅਤੇ ਤੁਹਾਡੇ ਬੱਚੇ ਦੀ ਸਿਹਤ ਬਾਰੇ ਪੁੱਛਗਿੱਛ ਕੀਤੀ ਜਾ ਸਕੇ। ਇਹ ਇਸ ਗੱਲ ਨੂੰ ਯਕੀਨੀ ਬਣਾਉਣ ਲਈ ਹੈ ਕਿ ਅਜਿਹੀਆਂ ਕੋਈ ਸਮੱਸਿਆਵਾਂ ਨਹੀਂ ਹਨ ਜੋ ਪ੍ਰਤੀਰੋਪਣ ਵਾਸਤੇ ਨਾੜੂਏ ਦੇ ਖੂਨ ਵਿਚਲੇ ਸਟੈਮ ਸੈੱਲਾਂ ਨੂੰ ਵਰਤਣ ਲਈ ਢੁਕਵੇਂਪਣ ਨੂੰ ਪ੍ਰਭਾਵਿਤ ਕਰ ਸਕਦੀਆਂ ਹਨ।

8. ਜੇ ਨਾੜੂਏ ਦੇ ਖੂਨ ਵਿਚਲੇ ਸਟੈਮ ਸੈੱਲ ਪ੍ਰਤੀਰੋਪਣ ਵਾਸਤੇ ਢੁਕਵੇਂ ਹਨ, ਤਾਂ ਹੋ ਸਕਦਾ ਹੈ ਕੋਰਡ ਬਲੱਡ ਬੈਂਕ ਦੁਆਰਾ ਇਹਨਾਂ ਨੂੰ ਅਣਮਿਥੇ ਸਮੇਂ ਵਾਸਤੇ ਸਟੋਰ ਕਰ ਲਿਆ ਜਾਵੇ, ਪਰ ਅਸੀਂ ਕਿਸੇ ਵੀ ਸਮੇਂ ਕਿਸੇ ਵੀ ਕਾਰਨ ਕਰਕੇ ਨਾੜੂਏ ਦੇ ਖੂਨ ਵਿਚਲੇ ਸਟੈਮ ਸੈੱਲਾਂ ਨੂੰ ਰੱਦ ਕਰ ਸਕਦੇ ਹਾਂ।

9. ਜੇ ਅਸੀਂ ਕਿਸੇ ਵੀ ਸਮੇਂ ਇਹ ਨਿਰਣਾ ਕਰਦੇ ਹਾਂ ਕਿ ਨਾੜੂਏ ਦਾ ਖੂਨ ਸਟੋਰੇਜ ਵਾਸਤੇ ਅਢੁਕਵਾਂ ਹੈ, ਤਾਂ ਨਾੜੂਏ ਦਾ ਖੂਨ ਅਤੇ/ਜਾਂ ਇਸਦੇ ਅੰਸ਼ (ਨਿਰਮਾਣ ਦੌਰਾਨ ਨਿਕਲੇ ਸਹਿ-ਉਤਪਾਦ) ਜੋ ਰਵਾਇਤੀ ਤੌਰ 'ਤੇ ਨਾੜੂਏ ਦੇ ਖੂਨ ਨੂੰ ਸਟੋਰੇਜ ਵਾਸਤੇ ਤਿਆਰ ਕਰਨ ਦੌਰਾਨ ਸੁੱਟ ਦਿੱਤੇ ਜਾਂਦੇ ਹਨ, ਹੋਰ ਉਪਯੋਗਾਂ ਵਾਸਤੇ ਵਰਤੇ ਜਾ ਸਕਦੇ ਹਨ ਜਿਵੇਂ ਕਿ (1) ਗੁਣਵੱਤਾ ਯਕੀਨੀ ਬਣਾਉਣ ਦੇ ਮਕਸਦਾਂ ਵਾਸਤੇ ਹੋਰ ਉਪਯੋਗ (ਉਦਾਹਰਨ ਲਈ ਵੈਧਤਾਕਰਨ, ਸਿਖਲਾਈ ਅਤੇ ਗੁਣਵੱਤਾ ਕੰਟਰੋਲ) ਅਤੇ ਉਤਪਾਦ ਸੁਧਾਰ ("ਹੋਰ ਉਪਯੋਗ"), (2) ਕੋਰਡ ਬਲੱਡ ਬੈਂਕ ਦੇ ਖੋਜ ਪ੍ਰੋਗਰਾਮ ਤਹਿਤ ਬਾਇਓਮੈਡੀਕਲ ਰਿਸਰਚ ਜੇ ਤੁਸੀਂ "ਰਿਸਰਚ ਵਿੱਚ ਭਾਗ ਲੈਣਾ" ਦਾ ਵਿਕਲਪ ਚੁਣਿਆ ਸੀ, ਜਾਂ (3) ਸੁੱਟ ਦਿੱਤੇ ਜਾਂਦੇ ਹਨ।

10. .
11. ਜੇ ਤੁਹਾਨੂੰ ਜਾਂ ਤੁਹਾਡੇ ਬੱਚੇ ਨੂੰ ਅਜਿਹੀਆਂ ਸਿਹਤ ਸਮੱਸਿਆਵਾਂ ਪੇਸ਼ ਆਉਂਦੀਆਂ ਹਨ ਜੋ ਨਾੜੂਏ ਦੇ ਖੂਨ ਨੂੰ ਪ੍ਰਭਾਵਿਤ ਕਰ ਸਕਦੀਆਂ ਹਨ, ਜਿਵੇਂ ਕਿ ਲੂਕੀਮੀਆ ਜਾਂ ਹੋਰ ਵਿਕਾਰ ਤਾਂ ਇਹ ਬਹੁਤ ਮਹੱਤਵਪੂਰਨ ਹੈ ਕਿ ਤੁਸੀਂ ਕੋਰਡ ਬਲੱਡ ਬੈਂਕ ਨਾਲ ਸੰਪਰਕ ਕਰੋ।
    ਕੋਰਡ ਬਲੱਡ ਬੈਂਕ ਨੂੰ 1 888 2 DONATE (1-888-236-6283) 'ਤੇ ਸੰਪਰਕ ਕਰੋ।
    ਵਧੇਰੇ ਜਾਣਕਾਰੀ ਵਾਸਤੇ ਪੁੱਛਣ ਲਈ ਕੋਰਡ ਬਲੱਡ ਬੈਂਕ ਨੂੰ ਤੁਹਾਡੇ ਸਿਹਤ ਸੰਭਾਲ ਪ੍ਰਦਾਨਕ ਦੇ ਨਾਲ ਗੱਲ ਕਰਨ ਦੀ ਲੋੜ ਪੈ ਸਕਦੀ ਹੈ।

**ਲਾਗਤਾਂ ਅਤੇ ਭੁਗਤਾਨ-ਵਾਪਸੀਆਂ:**
ਇਸ ਪ੍ਰੋਗਰਾਮ ਵਿੱਚ ਭਾਗ ਲੈਣ ਲਈ ਤੁਹਾਥੋਂ ਕੋਈ ਲਾਗਤ ਨਹੀਂ ਲਈ ਜਾਵੇਗੀ। ਕੈਨੇਡੀਅਨ ਬਲੱਡ ਸਰਵਿਸਜ਼ ਦੀ ਕੋਰਡ ਬਲੱਡ ਬੈਂਕ ਨੂੰ ਤੁਹਾਡੇ ਵੱਲੋਂ ਕੀਤੇ ਦਾਨ ਦੇ ਕਿਸੇ ਵੀ ਭਾਗ ਵਾਸਤੇ ਤੁਹਾਨੂੰ ਕੋਈ ਵੀ ਭੁਗਤਾਨ-ਵਾਪਸੀਆਂ ਨਹੀਂ ਕੀਤੀਆਂ ਜਾਣਗੀਆਂ। ਜੇ ਤੁਸੀਂ ਕੋਰਡ ਬਲੱਡ ਬੈਂਕ ਦੇ ਖੋਜ ਪ੍ਰੋਗਰਾਮ ਤਹਿਤ ਨਾੜੂਏ ਦੇ ਖੂਨ ਨੂੰ ਜੀਵ-ਡਾਕਟਰੀ ਖੋਜ ਵਾਸਤੇ ਵਰਤਣ ਲਈ ਸਹਿਮਤੀ ਦਿੱਤੀ ਹੈ, ਤਾਂ ਉਸ ਖੋਜ ਦਾ ਸਿੱਟਾ ਦਵਾਈਆਂ ਦੇ ਵਿਕਾਸ, ਬਿਮਾਰੀਆਂ ਦਾ ਇਲਾਜ ਕਰਨ ਲਈ ਡਾਕਟਰੀ ਅਤੇ/ਜਾਂ ਵਪਾਰਕ ਉਤਪਾਦਾਂ ਦੇ ਵਿਕਾਸ ਦੇ ਰੂਪ ਵਿੱਚ ਨਿਕਲ ਸਕਦਾ ਹੈ। ਉਤਪਾਦਾਂ ਨੂੰ ਵਿਕਸਿਤ ਕੀਤਾ ਜਾ ਸਕਦਾ ਹੈ ਅਤੇ ਜਨਤਾ ਨੂੰ ਵੇਚਿਆ ਜਾ ਸਕਦਾ ਹੈ, ਪਰ ਉਤਪਾਦਾਂ ਉੱਤੇ ਤੁਹਾਡੇ ਕੋਈ ਅਧਿਕਾਰ ਨਹੀਂ ਹੋਣਗੇ ਜਾਂ ਤੁਹਾਨੂੰ ਉਹਨਾਂ ਕੋਲੋਂ ਕੋਈ ਵਿੱਤੀ ਲਾਭ ਨਹੀਂ ਮਿਲੇਗਾ।

**ਸੰਭਾਵੀ ਜੋਖਮ ਅਤੇ ਬੇਆਰਾਮੀਆਂ:**
ਕੋਰਡ ਬਲੱਡ ਬੈਂਕ ਤੁਹਾਡੇ ਬੱਚੇ ਦੀ ਪੈਦਾਇਸ਼ ਵਿੱਚ ਦਖਲ ਨਹੀਂ ਦਿੰਦੀ। ਕੋਰਡ ਬਲੱਡ ਬੈਂਕ ਪ੍ਰੋਗਰਾਮ ਵਿੱਚ ਭਾਗ ਲੈਣ ਨਾਲ ਕੋਈ ਵੀ ਜਿਕਰਯੋਗ ਜੋਖਮ ਨਹੀਂ ਜੁੜੇ ਹੋਏ ਕਿਉਂਕਿ ਖੂਨ ਵਿਚਲੇ ਸਟੈਮ ਸੈੱਲਾਂ ਨੂੰ ਨਾੜੂਏ/ਔਲ਼ ਤੋਂ ਬੱਚੇ ਦੀ ਪੈਦਾਇਸ਼ ਦੇ ਬਾਅਦ ਇਕੱਤਰ ਕੀਤਾ ਜਾਂਦਾ ਹੈ। ਜੇ ਛੂਤਕਾਰੀ ਬਿਮਾਰੀ ਨੂੰ ਟੈਸਟ ਕਰਨ ਵਾਸਤੇ ਤੁਹਾਡੇ ਕੋਲੋਂ ਖੂਨ ਦੇ ਨਮੂਨੇ ਲਏ ਜਾਂਦੇ ਹਨ, ਤਾਂ ਲਏ ਗਏ ਖੂਨ ਦੀ ਮਾਤਰਾ ਬਹੁਤ ਘੱਟ ਹੁੰਦੀ ਹੈ (ਲਗਭਗ ਤਿੰਨ ਵੱਡੇ ਚਮਚ) ਅਤੇ ਇਸ ਨਾਲ ਤੁਹਾਡੀ ਸਿਹਤ 'ਤੇ ਕੋਈ ਅਸਰ ਨਹੀਂ ਪਵੇਗਾ। ਉਸ ਜਗਹ 'ਤੇ ਹਲਕਾ ਦਰਦ ਅਤੇ ਨੀਲ ਪੈਣ ਦਾ ਛੋਟਾ ਜਿਹਾ ਜੋਖਮ ਹੁੰਦਾ ਹੈ ਜਿੱਥੋਂ ਖੂਨ ਦਾ ਨਮੂਨਾ ਲਿਆ ਜਾਂਦਾ ਹੈ, ਸਿਰ ਹਲਕਾ-ਹਲਕਾ ਲੱਗ ਸਕਦਾ ਹੈ, ਸੰਭਾਵੀ ਤੌਰ 'ਤੇ ਬੇਹੋਸ਼ੀ ਹੋ ਸਕਦੀ ਹੈ ਅਤੇ, ਬਹੁਤ ਦੁਰਲੱਭ ਕੇਸਾਂ ਵਿੱਚ, ਲਾਗ ਲੱਗ ਸਕਦੀ ਹੈ।

| Unique Hospital ID Label |
|---|
| |

Canadian Blood Services BLOOD PLASMA STEM CELLS ORGANS & TISSUES

# ਨਾੜੂਏ ਦਾ ਖੂਨ ਲਈ
# ਟੈਸਟਿੰਗ, ਸਟੋਰੇਜ, ਅਤੇ ਪ੍ਰਤੀਰੋਪਣ ਵਾਸਤੇ ਸਹਿਮਤੀ

ਸਾਡੇ ਵੱਲੋਂ ਪੁੱਛੇ ਜਾਣ ਵਾਲੇ ਕੁਝ ਸਵਾਲ ਨਿੱਜੀ ਹੋਣਗੇ, ਪਰ ਅਸੀਂ ਇਹਨਾਂ ਸਵਾਲਾਂ ਨੂੰ ਕਿਸੇ ਇਕਾਂਤ ਵਾਲੇ ਖੇਤਰ ਵਿੱਚ ਪੁੱਛਾਂਗੇ।

**ਸੰਭਾਵਿਤ ਫਾਇਦੇ:**
ਤੁਹਾਡੇ ਵੱਲੋਂ ਕੀਤਾ ਦਾਨ ਕਿਸੇ ਘਾਤਕ ਬਿਮਾਰੀ ਵਾਲੇ ਮਰੀਜ਼ ਨੂੰ ਸਿਹਤਮੰਦ ਜੀਵਨ ਦਾ ਮੌਕਾ ਦੇ ਸਕਦਾ ਹੈ। ਜੇ ਤੁਸੀਂ ਜੀਵ-ਡਾਕਟਰੀ ਖੋਜ ਵਾਸਤੇ ਨਾੜੂਏ ਦੇ ਖੂਨ ਦੀ ਵਰਤੋਂ ਕਰਨ ਵਾਸਤੇ ਸਹਿਮਤੀ ਦਿੱਤੀ ਸੀ, ਤਾਂ ਤੁਹਾਨੂੰ ਇਸ ਜਾਣਕਾਰੀ ਤੋਂ ਵੀ ਲਾਭ ਹੋ ਸਕਦਾ ਹੈ ਕਿ ਤੁਹਾਡੀ ਭਾਗੀਦਾਰੀ ਖੋਜ ਨੂੰ ਅੱਗੇ ਵਧਾ ਸਕਦੀ ਹੈ ਅਤੇ ਭਵਿੱਖ ਵਿੱਚ ਹੋਰਨਾਂ ਦੀ ਮਦਦ ਕਰ ਸਕਦੀ ਹੈ।

**ਕੋਰਡ ਬਲੱਡ ਬੈਂਕ ਤੋਂ ਨਾਮ ਵਾਪਸ ਲੈਣਾ:**
ਕੋਰਡ ਬਲੱਡ ਬੈਂਕ ਵਿੱਚ ਤੁਹਾਡੀ ਭਾਗੀਦਾਰੀ ਸਵੈਇੱਛਤ ਹੈ। ਤੁਸੀਂ ਕਿਸੇ ਵੀ ਸਮੇਂ ਆਪਣਾ ਨਾਮ ਵਾਪਸ ਲੈ ਸਕਦੇ ਹੋ।
ਬੱਸ 1 888 2 DONATE (1-888-236-6283) ਨੂੰ ਕਾਲ ਕਰੋ ਅਤੇ ਅਸੀਂ ਤੁਹਾਨੂੰ ਇੱਕ ਸਹਿਮਤੀ ਵਾਪਸ ਲੈਣ ਲਈ ਫਾਰਮ ਦੇਵਾਂਗੇ ਜਿਸਨੂੰ ਭਰਕੇ ਕੈਨੇਡੀਅਨ ਬਲੱਡ ਸਰਵਿਸਜ਼ ਨੂੰ ਵਾਪਸ ਦੇਣਾ ਹੋਵੇਗਾ।

ਜੇ ਨਾੜੂਏ ਦੇ ਖੂਨ ਤੋਂ ਲਏ ਸਟੈੱਮ ਸੈੱਲਾਂ ਨੂੰ ਪਹਿਲਾਂ ਹੀ ਪ੍ਰਤੀਰੋਪਣ, ਹੋਰ ਉਪਯੋਗਾਂ, ਜਾਂ ਕੋਰਡ ਬਲੱਡ ਬੈਂਕ ਦੇ ਖੋਜ ਪ੍ਰੋਗਰਾਮ ਤਹਿਤ ਜੀਵ-ਡਾਕਟਰੀ ਖੋਜ ਦੇ ਮਕਸਦਾਂ ਵਾਸਤੇ ਨਹੀਂ ਵਰਤ ਲਿਆ ਗਿਆ, ਜਿੱਥੇ ਲਾਗੂ ਹੁੰਦਾ ਹੈ, ਤਾਂ ਇਹਨਾਂ ਨੂੰ ਰੱਦ ਕਰ ਦਿੱਤਾ ਜਾਵੇਗਾ।
ਤੁਹਾਡੇ ਦੁਆਰਾ ਨਾਮ ਵਾਪਸ ਲੈਣ ਦੀ ਤਾਰੀਖ਼ ਤੱਕ ਕੈਨੇਡੀਅਨ ਬਲੱਡ ਸਰਵਿਸਜ਼ ਵੱਲੋਂ ਇਕੱਤਰ ਕੀਤੀ ਨਿੱਜੀ ਜਾਣਕਾਰੀ ਕੈਨੇਡੀਅਨ ਬਲੱਡ ਸਰਵਿਸਜ਼ ਦੇ ਰਿਕਾਰਡਾਂ ਦੇ ਅੰਦਰ ਰਹੇਗੀ ਪਰ ਤੁਹਾਡੇ ਜਾਂ ਤੁਹਾਡੇ ਬੱਚੇ ਬਾਰੇ ਕੋਈ ਵੀ ਹੋਰ ਜਾਣਕਾਰੀ ਇਕੱਤਰ ਨਹੀਂ ਕੀਤੀ ਜਾਵੇਗੀ, ਵਰਤੀ ਨਹੀਂ ਜਾਵੇਗੀ ਜਾਂ ਇਸ ਦਾ ਖੁਲਾਸਾ ਨਹੀਂ ਕੀਤਾ ਜਾਵੇਗਾ। ਤੁਹਾਡੀ ਸਹਿਮਤੀ ਵਾਪਸ ਲੈਣ ਦਾ ਕੈਨੇਡੀਅਨ ਬਲੱਡ ਸਰਵਿਸਜ਼ ਵੱਲੋਂ ਪਹਿਲਾਂ ਹੀ ਇਕੱਤਰ ਕੀਤੀ ਜਾ ਚੁੱਕੀ ਨਿੱਜੀ ਜਾਣਕਾਰੀ ਦੀ ਵਰਤੋਂ ਅਤੇ ਖੁਲਾਸੇ ਉੱਤੇ ਕੋਈ ਪ੍ਰਭਾਵ ਨਹੀਂ ਪਵੇਗਾ ਜਿਵੇਂ ਕਿ ਸਾਡੇ ਪਰਦੇਦਾਰੀ ਨੋਟਿਸ ਵਿੱਚ ਦੱਸਿਆ ਗਿਆ ਹੈ।

**ਸਹਿਮਤੀ**
ਮੈਂ ਨਾੜੂਏ ਦੇ ਖੂਨ ਦੀ ਟੈਸਟਿੰਗ, ਸਟੋਰੇਜ ਅਤੇ ਪ੍ਰਤੀਰੋਪਣ ਬਾਰੇ ਜਾਣਕਾਰੀ ਪੜ੍ਹ ਅਤੇ ਸਮਝ ਲਈ ਹੈ। ਮੈਨੂੰ ਸਵਾਲ ਪੁੱਛਣ ਦਾ ਮੌਕਾ ਮਿਲਿਆ ਹੈ ਅਤੇ ਮੈਂ ਸਵਾਲਾਂ ਦੇ ਜਵਾਬਾਂ ਤੋਂ ਸੰਤੁਸ਼ਟ ਹਾਂ। ਮੈਂ ਆਪਣੀ ਮਰਜ਼ੀ ਨਾਲ ਕੋਰਡ ਬਲੱਡ ਬੈਂਕ ਨੂੰ ਨਾੜੂਏ ਦਾ ਖੂਨ ਦਾਨ ਕਰਨ ਅਤੇ ਨਾੜੂਏ ਦੇ ਖੂਨ ਦੀ ਟੈਸਟਿੰਗ, ਸਟੋਰੇਜ ਅਤੇ ਪ੍ਰਤੀਰੋਪਣ ਲਈ ਸਹਿਮਤੀ ਦਿੰਦਾ/ਦੀ ਹਾਂ। ਮੈਂ ਮੇਰੇ ਤੋਂ ਖੂਨ ਦਾ ਨਮੂਨਾ ਲਏ ਜਾਣ ਅਤੇ ਕੈਨੇਡਾ ਜਾਂ ਦੁਨੀਆ ਭਰ ਵਿੱਚ ਪ੍ਰਤੀਰੋਪਣ ਦੀ ਲੋੜ ਵਾਲੇ ਕਿਸੇ ਵੀ ਮਰੀਜ਼ ਲਈ ਨਾੜੂਏ ਦਾ ਖੂਨ ਉਪਲਬਧ ਕਰਵਾਏ ਜਾਣ ਨਾਲ ਸਹਿਮਤ ਹਾਂ।

ਮੈਂ ਜਵਾਬ ਦਿੱਤਾ ਹੈ ਅਤੇ ਮੈਂ ਸਾਰੇ ਸਵਾਲਾਂ ਦਾ ਸੱਚਾਈ ਨਾਲ ਜਵਾਬ ਦੇਣਾ ਜਾਰੀ ਰੱਖਾਂਗਾ/ਗੀ ਅਤੇ ਸਮਝਦਾ/ਦੀ ਹਾਂ ਕਿ ਝੂਠ ਬੋਲਣ ਨਾਲ ਦੂਜਿਆਂ ਨੂੰ ਨੁਕਸਾਨ ਹੋ ਸਕਦਾ ਹੈ। ਮੈਂ ਪਰਦੇਦਾਰੀ ਨੋਟਿਸ ਵਿੱਚ ਦਰਸਾਏ ਅਨੁਸਾਰ ਮੇਰੀ ਨਿੱਜੀ ਜਾਣਕਾਰੀ ਅਤੇ ਮੇਰੇ ਬੱਚੇ ਦੀ ਨਿੱਜੀ ਜਾਣਕਾਰੀ ਨੂੰ ਇਕੱਠਾ ਕਰਨ, ਵਰਤਣ ਅਤੇ ਖੁਲਾਸਾ ਕਰਨ ਬਾਬਤ ਪੜ੍ਹਿਆ ਹੈ, ਸਮਝ ਲਿਆ ਹੈ ਅਤੇ ਸਹਿਮਤੀ ਦਿੱਤੀ ਹੈ। ਮੈਂ ਸਮਝਦਾ/ਸਮਝਦੀ ਹਾਂ ਕਿ ਮੈਂ ਆਪਣੀ ਸਹਿਮਤੀ ਕਿਵੇਂ ਵਾਪਸ ਲੈ ਸਕਦਾ/ਦੀ ਹਾਂ।

| | | |
|---|---|---|
| (**ਜਨਮ ਦੇਣ ਵਾਲੇ ਮਾਪੇ ਦਾ** ਸਾਫ਼-ਸਾਫ਼ ਲਿਖਿਆ ਨਾਮ) . Birthing Parent's printed name) | (**ਜਨਮ ਦੇਣ ਵਾਲੇ ਮਾਪੇ ਦੇ** ਦਸਤਖਤ /Birthing Parent's signature) | (ਫਾਰਮ 'ਤੇ ਦਸਤਖਤ ਕਰਨ ਦੀ ਮਿਤੀ / Date form signed) |
| (CBB ਸਟਾਫ਼ ਦਾ ਸਾਫ਼-ਸਾਫ਼ ਲਿਖਿਆ ਨਾਮ /CBB Staff printed name) | (CBB ਸਟਾਫ਼ ਦੇ ਦਸਤਖਤ / CBB Staff signature) | (ਫਾਰਮ 'ਤੇ ਦਸਤਖਤ ਕਰਨ ਦੀ ਮਿਤੀ/ Date form signed) |

| **For CBB Use Only:** |
|---|
| **Change of Information:** ☐ Name ☐ Address ☐ Postal Code ☐ Phone Number |

Unique Hospital ID Label

# ਨਾੜੂਏ ਦਾ ਖੂਨ ਲਈ
# ਟੈਸਟਿੰਗ, ਸਟੋਰੇਜ, ਅਤੇ ਪ੍ਰਤੀਰੋਪਣ ਵਾਸਤੇ ਸਹਿਮਤੀ

Verification of information discrepancy from unique hospital unique ID label to documented information by birthing parent: